ਸਿਵਲ ਅਪੀਲੀ

*ਭੰਡਾਰੀ ਸੀ.ਜੇ.ਦੀ ਅਦਾਲਤ ਵਿੱਚ*

ਮੈਸਰਜ਼ ਈਸ਼ਰ ਸਿੰਘ ਅਤੇ ਪੁੱਤਰ, *ਮੁਦਈ-ਅਪੀਲਕਰਤਾ*

*ਬਨਾਮ*

ਮਾਰਕੀਟ ਕਮੇਟੀ, ਤਰਨਤਾਰਨ,

*ਬਚਾਅ ਪੱਖ-ਉੱਤਰਦਾਤਾ।*

**1957 ਦੀ ਨਿਯਮਤ ਦੂਜੀ ਅਪੀਲ ਨੰ. 433**

*ਪੰਜਾਬ ਐਗਰੀਕਲਚਰਲ ਪ੍ਰੋਡਿਊਸ ਮਾਰਕਿਟ ਐਕਟ (1939 ਦਾ V) - ਧਾਰਾ 2, 4, 27 ਅਤੇ 28 ਅਤੇ ਨਿਯਮ 31-ਐਕਟ-ਖੇਤੀ ਉਪਜ ਦੀ ਵਿਕਰੀ ਲਈ ਜਗ੍ਹਾ ਨਿਰਧਾਰਤ ਕਰਨ ਲਈ ਮਾਰਕੀਟ ਕਮੇਟੀ ਦੀ ਸ਼ਕਤੀ ਦਾ ਵਿਸ਼ਾ-ਵਸਤੂ-ਮਾਰਕੀਟ ਅਤੇ ਨੋਟੀਫਾਈਡ ਮਾਰਕੀਟ ਖੇਤਰ- ਵਿਚਕਾਰ ਅੰਤਰ-ਖੇਤੀ ਉਪਜ ਦੀ ਵਿਕਰੀ ਲਈ ਸਥਾਨ ਨਿਰਧਾਰਤ ਕਰਨ ਵਾਲੇ ਉਪ-ਨਿਯਮ ਬਣਾਉਣ ਦੀ ਮਾਰਕੀਟ ਕਮੇਟੀ ਦੀ ਸ਼ਕਤੀ-ਪੰਜਾਬ ਐਗਰੀਕਲਚਰਲ ਪ੍ਰੋਡਿਊਸ ਮਾਰਕੀਟ ਨਿਯਮ, 1946-ਨਿਯਮ 31-ਉਪ-ਨਿਯਮ 9-ਏ ਮਾਰਕੀਟ ਕਮੇਟੀ, ਤਰਨਤਾਰਨ ਦੁਆਰਾ ਬਣਾਏ ਗਏ-ਦੀ ਵੈਧਤਾ।*

*ਕਨੂੰਨਾਂ ਦੀ ਵਿਆਖਿਆ - ਇੱਕ ਚੀਜ਼ ਦਾ ਸਪੱਸ਼ਟ ਜ਼ਿਕਰ - ਕੀ ਦੂਜੀ ਚੀਜ਼ ਨੂੰ ਬਾਹਰ ਕੱਢਣ ਦਾ ਮਤਲਬ ਹੈ।*

ਹੇਠ ਲਿਖੇ ਅਨੁਸਾਰ ਇਹ ਮੰਨਿਆ ਗਿਆ:-

(1) ਮਾਰਕੀਟ ਕਮੇਟੀ ਨੂੰ ਇਹ ਨਿਰਦੇਸ਼ ਦੇਣ ਤੋਂ ਰੋਕਣ ਲਈ ਐਕਟ ਵਿੱਚ ਕੁਝ ਵੀ ਨਹੀਂ ਹੈ ਕਿ ਸਾਰੀਆਂ ਖੇਤੀਬਾੜੀ ਉਪਜਾਂ ਨੂੰ ਮੰਡੀ ਦੀਆਂ ਸੀਮਾਵਾਂ ਦੇ ਅੰਦਰ ਨਿਲਾਮੀ ਦੁਆਰਾ ਵੇਚਿਆ ਜਾਵੇ।

(2) ਨਿਯਮ 31 ਨੂੰ ਲਾਗੂ ਕਰਕੇ ਰਾਜ ਸਰਕਾਰ ਨੇ ਮਾਰਕੀਟ ਕਮੇਟੀ ਦੀ ਧਾਰਾ 27 ਅਧੀਨ ਉਪ-ਨਿਯਮਾਂ ਜਾਂ ਵਪਾਰ ਦੇ ਨਿਯਮ ਜਾਂ ਵਪਾਰ ਦੀਆਂ ਸ਼ਰਤਾਂ ਨਾਲ ਸਬੰਧਤ ਉਪ-ਨਿਯਮ ਬਣਾਉਣ ਦੀ ਸ਼ਕਤੀ 'ਤੇ ਕੋਈ ਪਾਬੰਦੀ ਨਹੀਂ ਲਗਾਈ ਹੈ।

(3) ਵਿਆਖਿਆ ਦਾ ਸਿਧਾਂਤ ਇਹ ਹੈ ਕਿ ਇੱਕ ਚੀਜ਼ ਦੇ ਸਪਸ਼ਟ ਜ਼ਿਕਰ ਤੋਂ ਭਾਵ ਹੈ ਕਿਸੇ ਹੋਰ ਚੀਜ਼ ਨੂੰ ਛੱਡਣਾ, ਇਹ ਕਾਨੂੰਨ ਦਾ ਨਿਯਮ ਨਹੀਂ ਹੈ, ਸਗੋਂ ਉਸਾਰੀ ਦਾ ਨਿਯਮ ਹੈ। ਇਹ ਤਰਕ ਅਤੇ ਆਮ ਸਮਝ ਦਾ ਨਤੀਜਾ ਹੈ ਅਤੇ ਇਸਨੂੰ ਸਾਵਧਾਨੀ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਤਰਕਸ਼ੀਲ ਵਿਆਖਿਆ ਪੈਦਾ ਕੀਤੀ ਜਾ ਸਕੇ ਅਤੇ ਕਾਨੂੰਨ ਨਿਰਮਾਤਾ ਦੀ ਨੀਤੀ ਨੂੰ ਅੱਗੇ ਵਧਾਇਆ ਜਾ ਸਕੇ। ਜੇਕਰ ਨਿਯਮ (maxim) ਨੂੰ ਅਸਵੀਕਾਰ ਕਰਨਾ ਉਸ ਉਦੇਸ਼ ਦੀ ਪੂਰਤੀ ਕਰੇਗਾ ਜਿਸ ਲਈ ਕਾਨੂੰਨ ਬਣਾਇਆ ਗਿਆ ਸੀ ਜਾਂ ਲਾਭਦਾਇਕ ਨਤੀਜੇ ਪ੍ਰਾਪਤ ਕਰੇਗਾ, ਤਾਂ ਨਿਯਮ (maxim) ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ।

*ਵਧੀਆਂ ਹੋਈਆਂ ਅਪੀਲੀ ਸ਼ਕਤੀਆਂ ਵਾਲੇ ਸੀਨੀਅਰ ਸੁਬਾਰਡੀਨੇਟ ਜੱਜ, ਅੰਮ੍ਰਿਤਸਰ, ਸ਼੍ਰੀ ਦੇਸ ਰਾਜ ਧਮੇਜਾ ਦੀ ਅਦਾਲਤ ਦੇ ਹੁਕਮਾਂ ਤੋਂ ਨਿਯਮਤ ਦੂਜੀ ਅਪੀਲ, ਮਿਤੀ 28 ਮਾਰਚ, 1957, ਜਿਸ ਦੁਆਰਾ ਸ਼੍ਰੀ ਨਾਹਰ ਚੰਦ ਗੁਪਤਾ, ਸੁਬਾਰਡੀਨੇਟ ਜੱਜ, ਚੌਥੀ ਸ਼੍ਰੇਣੀ, ਤਰਨਤਾਰਨ ਦੀ ਅਦਾਲਤ ਦੇ ਹੁਕਮਾਂ ਨੇ ਮਿਤੀ 26 ਜੂਨ, 1956 ਨੂੰ ਮੁਦਈ ਦਾ*

*ਮੁਕੱਦਮਾ ਜਿਸਦਾ ਫ਼ੈਸਲਾ ਬਚਾਅ ਪੱਖ ਦੇ ਖ਼ਿਲਾਫ਼ ਆਇਆ ਸੀ ਉਸ ਨੂੰ ਖਾਰਜ ਕਰ ਦਿੱਤਾ ਗਿਆ ਅਤੇ ਮੁਦਈ ਦਾ ਮੁਕੱਦਮਾ ਖਾਰਜ ਕਰ ਦਿੱਤਾ ਗਿਆ ਸੀ।*

ਅਪੀਲਕਰਤਾਵਾਂ ਲਈ ਐਫ.ਸੀ. ਮਿੱਤਲ।

ਉੱਤਰਦਾਤਾ ਲਈ ਆਈ.ਡੀ. ਦੁਆ।

ਫੈਸਲਾ

ਭੰਡਾਰੀ, ਸੀ.ਜੇ.-ਇਹ ਅਪੀਲ ਸਵਾਲ ਉਠਾਉਂਦੀ ਹੈ ਕਿ ਕੀ ਇਹ ਨਿਰਦੇਸ਼ ਦੇਣਾ ਮਾਰਕੀਟ ਕਮੇਟੀ ਦੇ ਅਧਿਰਾਰ ਖੇਤਰ ਦੇ ਅੰਦਰ ਹੈ ਕਿ ਖੇਤੀਬਾੜੀ ਉਪਜ ਦੀ ਵਿਕਰੀ ਅਤੇ ਖਰੀਦ ਲਈ ਲੈਣ-ਦੇਣ ਕੇਵਲ ਮੰਡੀ ਦੀਆਂ ਸੀਮਾਵਾਂ ਦੇ ਅੰਦਰ ਹੀ ਕੀਤਾ ਜਾਣਾ ਚਾਹੀਦਾ ਹੈ ਜਿਵੇਂ ਕਿ 1939 ਦੇ ਪੰਜਾਬ ਐਗਰੀਕਲਚਰਲ ਪ੍ਰੋਡਿਊਸ ਮਾਰਕਿਟ ਐਕਟ ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ।

ਸਾਲ 1940 ਵਿੱਚ ਤਰਨਤਾਰਨ ਦੀ ਮਾਰਕੀਟ ਏਰੀਆ ਕਮੇਟੀ ਨੇ 1939 ਦੇ ਪੰਜਾਬ ਐਗਰੀਕਲਚਰਲ ਪ੍ਰੋਡਿਊਸ ਮਾਰਕਿਟ ਐਕਟ ਦੁਆਰਾ ਦਿੱਤੇ ਗਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਉਪ-ਨਿਯਮਾਂ ਦਾ ਇੱਕ ਸੈੱਟ ਤਿਆਰ ਕੀਤਾ। ਸਾਲ 1947 ਵਿੱਚ ਇਸ ਵਿੱਚ ਇੱਕ ਨਵਾਂ ਉਪ-ਨਿਯਮ ਜੋੜਿਆ ਗਿਆ ਜੋ ਹੇਠ ਲਿਖੀਆਂ ਸ਼ਰਤਾਂ ਅਨੁੰਸਾਰ ਹੈ: -

"ਖੁੱਲੀ ਬੋਲੀ ਦੁਆਰਾ ਖੇਤੀਬਾੜੀ ਉਤਪਾਦਾਂ ਦੀ ਵਿਕਰੀ।

9-ਏ. ਕੋਈ ਵੀ ਲੈਣ-ਦੇਣ ਜਿਸ ਵਿੱਚ ਖੇਤੀਬਾੜੀ ਉਪਜ ਦੀ ਵਿਕਰੀ ਜਾਂ ਖਰੀਦ ਸ਼ਾਮਲ ਹੋਵੇ, ਜਿਸ 'ਤੇ ਇਹ ਉਪ-ਨਿਯਮ ਲਾਗੂ ਹੁੰਦੇ ਹਨ, ਖੁੱਲੀ ਬੋਲੀ ਤੋਂ ਇਲਾਵਾ ਹੋਰ ਨਹੀਂ ਕੀਤਾ ਜਾਵੇਗਾ। ਅਜਿਹੀਆਂ ਬੋਲੀ, ਅਜਿਹੇ ਸਮੇਂ ਦੌਰਾਨ ਹੋਵੇਗੀ, ਜੋ ਕਿ ਕਮੇਟੀ ਦੇ ਚੇਅਰਮੈਨ ਦੁਆਰਾ ਸਮੇਂ-ਸਮੇਂ 'ਤੇ ਨਿਰਧਾਰਤ ਕੀਤਾ ਜਾ ਸਕਦਾ ਹੈ। ਚੇਅਰਮੈਨ ਇਸ ਤਰੀਕੇ ਨਾਲ ਤਿਆਰ ਕਰੇਗਾ ਅਤੇ ਸੂਚਿਤ ਕਰੇਗਾ ਜਿਵੇਂ ਉਹ ਇੱਕ ਰੋਸਟਰ ਨੂੰ ਲੋੜੀਂਦਾ ਸਮਝਦਾ ਹੈ ਜੋ ਨਿਰਧਾਰਤ ਕਰਦਾ ਹੈ ਜਿਸ ਵਿੱਚ ਮਾਰਕਿਟ ਵਿੱਚ ਵੱਖ-ਵੱਖ ਥਾਵਾਂ 'ਤੇ ਬੋਲੀ ਵਾਲੀ ਵਿਕਰੀ ਹੋਣੀ ਚਾਹੀਦੀ ਹੈ, ਅਤੇ ਇਹ ਵਿਕਰੀ ਇਸ ਉਦੇਸ਼ ਲਈ ਨਿਯੁਕਤ ਨਿਲਾਮੀਕਰਤਾ ਦੁਆਰਾ ਉਸੇ ਕ੍ਰਮ ਵਿੱਚ ਕੀਤੀ ਜਾਵੇਗੀ। ਪੰਜਾਬ ਐਗਰੀਕਲਚਰਲ ਪ੍ਰੋਡਿਊਸ ਮਾਰਕਿਟ ਨਿਯਮ, 1940 ਦੇ ਨਿਯਮ 28 ਦੇ ਤਹਿਤ। ਇਸ ਉਪ-ਨਿਯਮ ਦੀ ਕੋਈ ਵੀ ਉਲੰਘਣਾ ਜੁਰਮਾਨੇ ਦੇ ਨਾਲ ਸਜ਼ਾਯੋਗ ਹੋਵੇਗੀ ਜੋ ਕਿ 50 ਰੁਪਏ ਤੱਕ ਹੋ ਸਕਦੀ ਹੈ।"

ਸਾਲ 1955 ਵਿੱਚ, ਤਰਨਤਾਰਨ ਦੀ ਮਾਰਕੀਟ ਕਮੇਟੀ ਨੇ ਦੇਖਿਆ/ਪਾਇਆ ਕਿ ਨਰਮੇ ਦੀ ਫਸਲ ਨੂੰ ਹੋਏ ਭਾਰੀ ਨੁਕਸਾਨ ਕਾਰਨ ਵੱਡੀਆਂ ਪ੍ਰੈਸ ਹੋਲਡਰ ਫੈਕਟਰੀਆਂ ਨੇ ਇੱਕ ਤਰ੍ਹਾਂ ਦੇ ਪੂਲ ਬਣਾਇਆ ਸੀ ਅਤੇ ਪ੍ਰੈੱਸਿੰਗ ਖਰਚੇ/ਚਾਰਜਿਜ਼ ਨੂੰ 7-8-0 ਰੁ. ਪ੍ਰਤੀ ਗੱਠ ਤੋਂ ਵਧਾ ਕੇ 12 ਰੁ. ਪ੍ਰਤੀ ਗੱਠ ਕਰ ਦਿੱਤਾ ਸੀ। ਉਹਨਾਂ ਨੇ ਇੱਕ ਕਿਸਮ ਦੀ ਯੂਨੀਅਨ ਬਣਾ ਲਈ ਸੀ ਜੋ ਜਿਣਸਾਂ ਦੀਆਂ ਕੀਮਤਾਂ ਨੂੰ ਨਿਯੰਤਰਿਤ ਕਰ ਰਹੀ ਸੀ ਅਤੇ ਨਤੀਜੇ ਵਜੋਂ ਉਤਪਾਦਕਾਂ ਦੇ ਹਿੱਤਾਂ 'ਤੇ ਮਾੜਾ ਅਸਰ ਪੈ ਰਿਹਾ ਸੀ। 1 ਨਵੰਬਰ 1955 ਨੂੰ ਕਮੇਟੀ ਨੇ ਇੱਕ ਮਤਾ ਪਾਸ ਕੀਤਾ ਕਿ ਭਵਿੱਖ ਵਿੱਚ ਕਪਾਹ ਦੀ ਵਿਕਰੀ ਉਪ-ਨਿਯਮ ਨੰ: 9-ਏ ਅਧੀਨ ਇਕੱਲੇ ਮੰਡੀ ਵਿੱਚ ਹੀ ਸੀਮਤ ਰੱਖੀ ਜਾਵੇ ਤਾਂ ਜੋ ਮੁਕਾਬਲੇ ਨੂੰ ਉਤਸ਼ਾਹਿਤ ਕੀਤਾ ਜਾ ਸਕੇ ਅਤੇ ਉਤਪਾਦਕਾਂ ਨੂੰ ਆਪਣੀ ਉਪਜ ਦਾ ਵੱਧ ਤੋਂ ਵੱਧ ਭਾਅ ਪ੍ਰਾਪਤ ਕਰਨ ਦੇ ਯੋਗ ਬਣਾਇਆ ਜਾ ਸਕੇ। ਕਾਰਖਾਨਾ-ਮਾਲਕਾਂ ਨੂੰ ਆਪਣੀ ਥਾਂ 'ਤੇ ਖਰੀਦਦਾਰੀ ਕਰਨ ਅਤੇ ਉਤਪਾਦਕਾਂ ਦਾ ਸ਼ੋਸ਼ਣ ਕਰਨ ਤੋਂ ਵਰਜਿਆ ਗਿਆ ਸੀ।

28 ਫਰਵਰੀ, 1956 ਨੂੰ ਤਰਨਤਾਰਨ ਦੇ ਮਾਰਕੀਟ ਏਰੀਆ ਵਿੱਚ ਇੱਕ ਗਿੰਨਿੰਗ ਫੈਕਟਰੀ ਦੇ ਮਾਲਕ ਮੈਸਸਰ ਈਸ਼ਰ ਸਿੰਘ ਐਂਡ ਸੰਨਜ਼ ਨੇ ਇੱਕ ਘੋਸ਼ਣਾ ਲਈ ਕਾਰਵਾਈ ਕੀਤੀ ਕਿ ਉਹ ਆਪਣੀ ਫੈਕਟਰੀ ਵਿੱਚ ਕਪਾਹ ਖਰੀਦਣ ਅਤੇ ਵੇਚਣ ਦੇ ਹੱਕਦਾਰ ਹਨ ਮਾਰਕੀਟ ਕਮੇਟੀ ਨੂੰ ਉਪ-ਨਿਯਮ ਨੰ. 9-ਏ ਦੇ ਅਧੀਨ ਮੁਦਈਆਂ ਦੇ ਅਧਿਕਾਰਾਂ ਵਿੱਚ ਦਖਲ ਦੇਣ ਤੋਂ ਰੋਕਣ ਵਾਲੇ ਸਥਾਈ ਹੁਕਮ ਦੀ ਇੱਕ ਗ੍ਰਾਂਟ ਲਈ ਵੀ ਘੋਸ਼ਣਾ ਕੀਤੀ। ਹੇਠਲੀ ਅਦਾਲਤ ਨੇ ਇਸ ਘੋਸ਼ਣਾ ਨੂੰ ਮਨਜ਼ੂਰੀ ਦਿੱਤੀ ਕਿ ਹਾਲਾਂਕਿ ਉਪ-ਨਿਯਮ 9-ਏ ਜਾਇਜ਼ ਸੀ, ਪਰ ਮਤਾ ਕਾਨੂੰਨ ਦੇ ਉਪਬੰਧਾਂ ਦੇ ਅਨੁਕੂਲ ਨਹੀਂ ਸੀ। ਹੇਠਲੀ ਅਪੀਲੀ ਅਦਾਲਤ ਨੇ, ਹਾਲਾਂਕਿ, ਅਪੀਲ ਨੂੰ ਮਨਜ਼ੂਰੀ ਦੇ ਕੇ, ਹੇਠਲੀ ਅਦਾਲਤ ਦੇ ਹੁਕਮਾਂ ਨੂੰ ਇਸ ਆਧਾਰ 'ਤੇ ਰੱਦ ਕਰ ਦਿੱਤਾ ਕਿ ਇਹ ਮਾਰਕੀਟ ਕਮੇਟੀ ਦੀ ਉਪ-ਨਿਯਮ ਨੰ. 9-ਏ ਬਣਾਉਣ ਦੀ ਯੋਗਤਾ ਦੇ ਅੰਦਰ ਸੀ ਅਤੇ ਕਪਾਹ ਦੀ ਵਿਕਰੀ 'ਤੇ ਪਾਬੰਦੀਆਂ 1955 ਦੇ ਮਤੇ ਦੁਆਰਾ ਨਹੀਂ ਬਲਕਿ 1947 ਦੇ ਉਪ-ਨਿਯਮ ਦੁਆਰਾ ਲਗਾਇਆ ਗਿਆ ਸੀ। ਮੁਦਈ ਹੁਕਮਾਂ ਤੋਂ ਅਸੰਤੁਸ਼ਟ ਹਨ ਅਤੇ ਦੂਜੀ ਅਪੀਲ ਲਈ ਇਸ ਅਦਾਲਤ ਵਿੱਚ ਆਏ ਹਨ।

ਮੁਦਈ ਧਿਰ ਵੱਲੋਂ ਪੇਸ਼ ਹੋਣ ਵਾਲੇ ਸ੍ਰੀ ਮਿੱਤਲ ਨੇ ਮੇਰੇ ਸਾਹਮਣੇ ਦੋ ਬੇਨਤੀਆਂ ਰੱਖੀਆਂ ਹਨ। ਪਹਿਲਾਂ ਇਹ ਦਲੀਲ ਦਿੱਤੀ ਕਿ ਉਪ-ਨਿਯਮ ਨੰਬਰ 9-ਏ ਉਨ੍ਹਾਂ ਨਿਲਾਮੀਆਂ 'ਤੇ ਲਾਗੂ ਨਹੀਂ ਹੁੰਦਾ ਜੋ ਬਾਜ਼ਾਰ ਦੀਆਂ ਸੀਮਾਵਾਂ ਤੋਂ ਬਾਹਰ ਹੁੰਦੀਆਂ ਹਨ ਅਤੇ (2) ਕਿ ਕਿਸੇ ਵੀ ਹਾਲਤ ਵਿੱਚ ਇਹ ਉਪ-ਕਾਨੂੰਨ, ਕਾਨੂੰਨ ਦੇ ਨਾਲ-ਨਾਲ ਇਸਦੇ ਅਧੀਨ ਬਣਾਏ ਗਏ ਨਿਯਮਾਂ ਦੇ ਉਲਟ ਹੈ।

ਪਹਿਲੀ ਅਪੀਲ ਮੈਨੂੰ ਪੂਰੀ ਤਰ੍ਹਾਂ ਕਮਜ਼ੋਰ ਜਾਪਦੀ ਹੈ। ਉਪ-ਕਾਨੂੰਨ ਦੀ ਭਾਸ਼ਾ ਮੈਨੂੰ ਸਾਦੀ ਅਤੇ ਅਸਪਸ਼ਟ ਜਾਪਦੀ ਹੈ। ਸਭ ਤੋਂ ਪਹਿਲਾਂ ਇਹ ਘੋਸ਼ਣਾ ਕਰਦੀ ਹੈ ਕਿ ਖੇਤੀਬਾੜੀ ਉਪਜਾਂ ਦੀ ਵਿਕਰੀ ਜਾਂ ਖਰੀਦ ਨਾਲ ਸਬੰਧਤ ਕੋਈ ਵੀ ਲੈਣ-ਦੇਣ ਜਿਸ 'ਤੇ ਇਹ ਉਪ-ਨਿਯਮ ਲਾਗੂ ਹੁੰਦੇ ਹਨ, ਖੁੱਲ੍ਹੀ ਬੋਲੀ ਤੋਂ ਇਲਾਵਾ ਹੋਰ ਨਹੀਂ ਕੀਤੀ ਜਾਵੇਗੀ। ਦੂਸਰਾ, ਇਹ ਪ੍ਰਦਾਨ ਕਰਦੀ ਹੈ ਕਿ ਅਜਿਹੀਆਂ ਬੋਲੀਆਂ ਕੇਵਲ ਅਜਿਹੇ ਕਾਰੋਬਾਰੀ ਸਮੇਂ ਦੌਰਾਨ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਜੋ ਕਮੇਟੀ ਦੇ ਚੇਅਰਮੈਨ ਦੁਆਰਾ ਨਿਰਧਾਰਿਤ ਕੀਤਾ ਜਾਵੇਗਾ। ਤੀਸਰਾ, ਇਹ ਘੋਸ਼ਣਾ ਕਰਦੀ ਹੈ ਕਿ ਚੇਅਰਮੈਨ ਇਸ ਤਰੀਕੇ ਨਾਲ ਤਿਆਰ ਕਰੇਗਾ ਅਤੇ ਸੂਚਿਤ ਕਰੇਗਾ ਜਿਵੇਂ ਉਹ ਇੱਕ ਰੋਸਟਰ ਨੂੰ ਲੋੜੀਂਦਾ ਸਮਝਦਾ ਹੈ ਜੋ ਨਿਰਧਾਰਤ ਕਰਦਾ ਹੈ ਜਿਸ ਵਿੱਚ ਮਾਰਕਿਟ ਵਿੱਚ ਵੱਖ-ਵੱਖ ਥਾਵਾਂ 'ਤੇ ਬੋਲੀ ਵਾਲੀ ਵਿਕਰੀ ਹੋਣੀ ਚਾਹੀਦੀ ਹੈ, ਅਤੇ ਚੌਥਾ ਇਹ ਪ੍ਰਦਾਨ ਕਰਦੀ ਹੈ ਕਿ ਇਹ ਵਿਕਰੀ ਪੰਜਾਬ ਐਗਰੀਕਲਚਰਲ ਪ੍ਰੋਡਿਊਸ ਮਾਰਕਿਟ ਰੂਲਜ਼, 1940 ਦੇ ਨਿਯਮ 28 ਦੇ ਤਹਿਤ ਇਸ ਮੰਤਵ ਲਈ ਨਿਯੁਕਤ ਨਿਲਾਮੀਕਰਤਾ ਦੇ ਹੁਕਮ ਦੁਆਰਾ ਕੀਤੀ ਜਾਵੇ। ਇਸ ਨਿਯਮ ਦੀ ਭਾਸ਼ਾ ਇਹ ਬਿਲਕੁਲ ਸਪੱਸ਼ਟ ਕਰਦੀ ਪ੍ਰਤੀਤ ਹੁੰਦੀ ਹੈ ਕਿ ਸਾਰੀਆਂ ਕਿਸਮਾਂ ਦੀਆਂ ਖੇਤੀਬਾੜੀ ਉਪਜਾਂ ਜਿਨ੍ਹਾਂ 'ਤੇ ਉਪ-ਨਿਯਮ ਲਾਗੂ ਹੁੰਦੇ ਹਨ, ਅਜਿਹੇ ਸਮੇਂ 'ਤੇ ਵੇਚੇ ਜਾਣਗੇ, ਜੋ ਨਿਲਾਮੀ ਦੇ ਮਾਧਿਅਮ ਦੁਆਰਾ ਨਿਰਧਾਰਤ ਕੀਤਾ ਜਾ ਸਕਦਾ ਹੈ, ਜੋ ਕਿ ਮਾਰਕੀਟ ਦੀਆਂ ਸੀਮਾਵਾਂ ਦੇ ਅੰਦਰ ਆਯੋਜਿਤ ਕੀਤੀ ਜਾਵੇਗੀ। 1939 ਦੇ ਐਕਟ ਦੀ ਧਾਰਾ 2 ਵਿੱਚ ਪਰਿਭਾਸ਼ਿਤ ਕੀਤੇ ਗਏ "ਮਾਰਕੀਟ" ਸ਼ਬਦ ਦਾ ਅਰਥ ਹੈ ਇੱਕ ਇਮਾਰਤ, ਇਮਾਰਤਾਂ ਦਾ ਬਲਾਕ, ਘੇਰਾ ਜਾਂ ਹੋਰ ਖੇਤਰ ਜੋ ਇਸ ਐਕਟ ਦੇ ਅਧੀਨ ਬਣਾਏ ਨਿਯਮਾਂ ਦੇ ਅਨੁਸਾਰ ਸੂਚਿਤ ਕੀਤਾ ਜਾ ਸਕਦਾ ਹੈ। ਇੱਕ ਬਜ਼ਾਰ ਨੂੰ "ਨੋਟੀਫਾਈਡ ਬਜ਼ਾਰ ਖੇਤਰ" ਤੋਂ ਸਪਸ਼ਟ ਤੌਰ 'ਤੇ ਵੱਖਰਾ ਕੀਤਾ ਜਾ ਸਕਦਾ ਹੈ ਜੋ ਕਿ ਧਾਰਾ 4 ਦੇ ਪ੍ਰਬੰਧਾਂ ਦੇ ਤਹਿਤ ਸੂਚਿਤ ਖੇਤਰ ਹੈ।

ਹਾਲਾਂਕਿ ਵਧੇਰੇ ਮਹੱਤਵਪੂਰਨ ਸਵਾਲ ਇਹ ਹੈ ਕਿ ਕੀ ਇਸ ਉਪ-ਕਾਨੂੰਨ ਦੀਆਂ ਵਿਵਸਥਾਵਾਂ 1939 ਦੇ ਐਕਟ ਦੇ ਉਪਬੰਧਾਂ ਜਾਂ ਉਕਤ ਐਕਟ ਦੀ ਧਾਰਾ 27 ਅਧੀਨ ਬਣਾਏ ਨਿਯਮਾਂ ਦੇ ਉਲਟ ਹਨ। 1939 ਦੇ ਐਕਟ ਵਿੱਚ ਅਜਿਹਾ ਕੁਝ ਵੀ ਨਹੀਂ ਹੈ ਜੋ ਮਾਰਕੀਟ ਕਮੇਟੀ ਨੂੰ ਇਹ ਨਿਰਦੇਸ਼ ਦੇਣ ਤੋਂ ਰੋਕਦਾ ਹੋਵੇ ਕਿ ਸਾਰੀਆਂ ਖੇਤੀ ਉਪਜਾਂ ਨੂੰ ਮੰਡੀ ਦੀਆਂ

ਸੀਮਾਵਾਂ ਵਿੱਚ ਨਿਲਾਮੀ ਰਾਹੀਂ ਵੇਚਿਆ ਜਾਵੇ। 1939 ਦਾ ਐਕਟ ਪੰਜਾਬ ਵਿੱਚ ਖੇਤੀਬਾੜੀ ਉਪਜਾਂ ਦੀ ਖਰੀਦ ਅਤੇ ਵਿਕਰੀ ਦੇ ਬਿਹਤਰ ਨਿਯਮ ਦੀ ਵਿਵਸਥਾ ਕਰਨ ਅਤੇ ਇਸ ਮੰਤਵ ਲਈ ਮੰਡੀਆਂ ਦੀ ਸਥਾਪਨਾ ਕਰਨ ਅਤੇ ਉਹਨਾਂ ਦੇ ਸਹੀ ਪ੍ਰਸ਼ਾਸਨ ਲਈ ਨਿਯਮ ਅਤੇ ਉਪ-ਨਿਯਮਾਂ ਬਣਾਉਣ ਲਈ ਬਣਾਇਆ ਗਿਆ ਸੀ। ਧਾਰਾ 27 ਰਾਜ ਸਰਕਾਰ ਨੂੰ ਇਸ ਐਕਟ ਦੇ ਸਾਰੇ ਜਾਂ ਕਿਸੇ ਵੀ ਇਕ ਉਦੇਸ਼ ਨੂੰ ਪੂਰਾ ਕਰਨ ਲਈ ਨਿਯਮ ਬਣਾਉਣ ਦਾ ਅਧਿਕਾਰ ਦਿੰਦੀ ਹੈ, ਜਿਸ ਵਿੱਚ ਸਮੇਂ, ਸਥਾਨ ਅਤੇ ਤਰੀਕੇ ਦੇ ਸਬੰਧ ਵਿੱਚ ਇੱਕ ਨਿਯਮ ਸ਼ਾਮਲ ਹੈ ਜਿਸ ਵਿੱਚ ਖਰੀਦਦਾਰ ਅਤੇ ਵਿਕਰੇਤਾ ਵਿਚਕਾਰ ਇਕਰਾਰਨਾਮਾ ਕੀਤਾ ਜਾਣਾ ਹੈ ਅਤੇ ਵੇਚਣ ਵਾਲੇ ਨੂੰ ਪੈਸੇ ਦਾ ਭੁਗਤਾਨ ਕੀਤਾ ਜਾਣਾ ਹੈ। ਧਾਰਾ 28 ਪ੍ਰਦਾਨ ਕਰਦੀ ਹੈ ਕਿ ਧਾਰਾ 27 ਅਧੀਨ ਸਰਕਾਰ ਦੁਆਰਾ ਬਣਾਏ ਗਏ ਕਿਸੇ ਵੀ ਨਿਯਮਾਂ ਦੇ ਅਧੀਨ, ਮਾਰਕੀਟ ਕਮੇਟੀ, ਆਪਣੇ ਪ੍ਰਬੰਧਨ ਅਧੀਨ ਸੂਚਿਤ ਮਾਰਕੀਟ ਖੇਤਰ ਦੇ ਸਬੰਧ ਵਿੱਚ, ਵਪਾਰ ਦੇ ਨਿਯਮ, ਵਪਾਰ ਦੀਆਂ ਸ਼ਰਤਾਂ ਲਈ ਉਪ-ਨਿਯਮ ਬਣਾ ਸਕਦੀ ਹੈ ਅਤੇ ਇਸਦੀ ਉਲੰਘਣਾ ਜੁਰਮਾਨੇ ਦੇ ਨਾਲ ਸਜ਼ਾਯੋਗ ਹੋਵੇਗੀ ਜੋ ਕਿ 50 ਰੁਪਏ ਤੱਕ ਵਧ ਸਕਦਾ ਹੈ। "ਕਾਰੋਬਾਰ ਦਾ ਨਿਯਮ" ਅਤੇ "ਵਪਾਰ ਦੀਆਂ ਸ਼ਰਤਾਂ" ਸ਼ਬਦ ਉਪ-ਨਿਯਮ ਨੰਬਰ 9-ਏ ਦੀ ਪ੍ਰਕਿਰਤੀ ਦੇ ਉਪ-ਨਿਯਮ ਨੂੰ ਅਪਣਾਉਣ ਲਈ ਕਾਫ਼ੀ ਵਿਆਪਕ ਹਨ। 1939 ਦੇ ਐਕਟ ਦੀ ਧਾਰਾ 27 ਅਧੀਨ ਰਾਜ ਸਰਕਾਰ ਦੁਆਰਾ ਬਣਾਏ ਗਏ ਨਿਯਮਾਂ ਦੇ ਨਿਯਮ 31 ਦੇ ਉਪਬੰਧਾਂ ਨਾਲ ਪਹਿਲੀ ਨਜ਼ਰੇ ਉਪ- ਨਿਯਮ ਨੰ: 9-ਏ ਇਕਸਾਰ ਨਹੀਂ ਜਾਪਦਾ ਹੈ। ਇਹ ਨਿਯਮ ਇਸ ਤਰ੍ਹਾਂ ਚਲਦਾ ਹੈ:-

"31. (i) ਕਿਸੇ ਵੀ ਨੋਟੀਫਾਈਡ ਬਜ਼ਾਰ ਖੇਤਰ ਵਿੱਚ ਜਿਸ ਲਈ ਤੰਬਾਕੂ ਨੂੰ ਧਾਰਾ 4 ਅਧੀਨ ਖੇਤੀਬਾੜੀ ਉਪਜ ਵਜੋਂ ਸੂਚਿਤ ਕੀਤਾ ਗਿਆ ਹੈ, ਮਾਰਕੀਟ ਕਮੇਟੀ ਉਹ ਸਥਾਨ ਨਿਰਧਾਰਤ ਕਰ ਸਕਦੀ ਹੈ ਜਿੱਥੇ ਤੰਬਾਕੂ ਨੂੰ ਤੋਲਿਆ, ਮਾਪਿਆ ਜਾਂ ਵੇਚਿਆ ਜਾ ਸਕਦਾ ਹੈ।

(ii) ਉਪ-ਨਿਯਮਾਂ (i) ਦੇ ਉਪਬੰਧਾਂ ਦੇ ਅਧੀਨ, ਵਿਕਰੀ ਵਾਲੇ ਖੇਤੀਬਾੜੀ ਉਤਪਾਦਾਂ ਦੇ ਤੋਲ ਅਤੇ ਮਾਪ, ਕਿਸੇ ਸੂਚਿਤ ਬਾਜ਼ਾਰ ਖੇਤਰ ਵਿੱਚ ਕਿਤੇ ਵੀ ਲਾਇਸੰਸਸ਼ੁਦਾ ਤੋਲਣ ਵਾਲਿਆਂ ਜਾਂ ਮਾਪਕਾਰਾਂ ਦੁਆਰਾ ਕੀਤੇ ਜਾ ਸਕਦੇ ਹਨ।"

ਸ੍ਰੀ ਮਿੱਤਲ ਨੇ ਇਸ ਨਿਯਮ ਦੇ ਸਬੰਧ ਵਿੱਚ ਦੋ ਬੇਨਤੀਆਂ ਰੱਖੀਆਂ ਹਨ। ਪਹਿਲਾਂ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਜਿਵੇਂ ਕਿ ਰਾਜ ਸਰਕਾਰ ਨੇ ਇਹ ਘੋਸ਼ਣਾ ਕਰਨ ਲਈ ਚੁਣਿਆ ਹੈ ਕਿ ਇੱਕ ਮਾਰਕੀਟ ਕਮੇਟੀ ਉਹਨਾਂ ਸਥਾਨਾਂ ਨੂੰ ਨਿਰਧਾਰਤ ਕਰ ਸਕਦੀ ਹੈ ਜਿੱਥੇ ਤੰਬਾਕੂ ਤੋਲਿਆ, ਮਾਪਿਆ ਜਾਂ ਵੇਚਿਆ ਜਾ ਸਕਦਾ ਹੈ ਅਤੇ ਜਿਵੇਂ ਕਿ ਇੱਕ ਚੀਜ਼ ਦਾ ਸਪੱਸ਼ਟ ਜ਼ਿਕਰ ਕਰਨ ਦਾ ਮਤਲਬ ਹੈ ਕਿ ਦੂਜੀ ਚੀਜ਼ ਨੂੰ ਛੱਡ ਦੇਣਾ। ਇਹ ਮੰਨ ਲਿਆ ਜਾਵੇ ਕਿ ਮਾਰਕੀਟ ਕਮੇਟੀ ਕੋਲ ਉਹ ਸਥਾਨ ਨਿਰਧਾਰਤ ਕਰਨ ਦਾ ਕੋਈ ਅਧਿਕਾਰ ਨਹੀਂ ਹੈ ਜਿੱਥੇ ਤੰਬਾਕੂ ਤੋਂ ਇਲਾਵਾ ਹੋਰ ਖੇਤੀਬਾੜੀ ਉਪਜਾਂ ਨੂੰ ਤੋਲਿਆ, ਮਾਪਿਆ ਅਤੇ ਵੇਚਿਆ ਜਾ ਸਕਦਾ ਹੈ। ਦੂਸਰਾ, ਇਹ ਦਲੀਲ ਗਈ ਕਿ ਉਪ-ਨਿਯਮ (i) ਦੇ ਉਪਬੰਧਾਂ ਦੇ ਅਧੀਨ, ਵਿਕਰੀ ਵਾਲੇ ਖੇਤੀਬਾੜੀ ਉਪਜ ਦਾ ਤੋਲ ਅਤੇ ਮਾਪ ਨੋਟੀਫਾਈਡ ਮਾਰਕੀਟ ਖੇਤਰ ਵਿੱਚ ਕਿਤੇ ਵੀ ਕੀਤਾ ਜਾ ਸਕਦਾ ਹੈ ਅਤੇ ਸਿੱਟੇ ਵਜੋਂ ਕਿ ਮੁਦਈ ਮੰਡੀ ਦੀ ਸੀਮਾ ਤੋਂ ਬਾਹਰ ਕਿਸੇ ਵੀ ਥਾਂ 'ਤੇ ਆਪਣਾ ਮਾਲ ਵੇਚਣ ਲਈ ਆਜ਼ਾਦ ਸਨ।

ਮੈਨੂੰ ਅਫ਼ਸੋਸ ਹੈ ਕਿ ਮੈਂ ਇਹਨਾਂ ਵਿੱਚੋਂ ਕਿਸੇ ਵੀ ਦਲੀਲ ਨਾਲ ਸਹਿਮਤ ਨਹੀਂ ਹਾਂ। ਵਿਆਖਿਆ ਦਾ ਸਿਧਾਂਤ ਕਿ ਇੱਕ ਚੀਜ਼ ਦੇ ਸਪੱਸ਼ਟ ਜ਼ਿਕਰ ਤੋਂ ਭਾਵ ਹੈ ਕਿ ਕਿਸੇ ਹੋਰ ਚੀਜ਼ ਨੂੰ ਛੱਡਣਾ ਕਾਨੂੰਨ ਦਾ ਨਿਯਮ ਨਹੀਂ ਹੈ ਬਲਕਿ ਨਿਰਮਾਣ (construction) ਦਾ ਨਿਯਮ ਹੈ। ਇਹ ਤਰਕ ਅਤੇ ਆਮ ਸਮਝ ਦਾ ਨਤੀਜਾ ਹੈ ਅਤੇ ਇਸਨੂੰ ਧਿਆਨ ਅਤੇ ਸਾਵਧਾਨੀ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਇੱਕ ਤਰਕਸ਼ੀਲ ਵਿਆਖਿਆ ਪੈਦਾ ਕੀਤੀ ਜਾ ਸਕੇ ਅਤੇ ਕਾਨੂੰਨ ਨਿਰਮਾਤਾ ਦੀ ਨੀਤੀ ਨੂੰ ਲਾਗੂ ਕੀਤਾ ਜਾ ਸਕੇ। ਜੇ ਨਿਯਮ (maxim) ਨੂੰ ਰੱਦ ਕਰਨਾ ਉਸ ਉਦੇਸ਼ ਦੀ ਪੂਰਤੀ ਕਰਦਾ ਹੈ ਜਿਸ ਲਈ ਕਾਨੂੰਨ ਲਾਗੂ ਕੀਤਾ ਗਿਆ ਸੀ ਜਾਂ ਲਾਭਦਾਇਕ ਨਤੀਜੇ ਪ੍ਰਾਪਤ ਕਰਦਾ ਹੈ, ਤਾਂ ਨਿਯਮ (maxim) ਨੂੰ ਰੱਦ ਕਰਨਾ

ਲਾਜ਼ਮੀ ਹੈ। ਹੋ ਸਕਦਾ ਹੈ ਕਿ ਰਾਜ ਸਰਕਾਰ ਨੇ ਮਾਰਕੀਟ ਕਮੇਟੀਆਂ ਨੂੰ ਉਹ ਸਥਾਨ ਨਿਰਧਾਰਤ ਕਰਨ ਦਾ ਅਧਿਕਾਰ ਦਿੱਤਾ ਹੋਵੇ ਜਿੱਥੇ ਤੰਬਾਕੂ ਵੇਚਿਆ ਜਾ ਸਕਦਾ ਹੈ ਅਤੇ ਘੋਸ਼ਣਾ ਕੀਤੀ ਹੋਵੇ ਕਿ ਨੋਟੀਫਾਈਡ ਮਾਰਕੀਟ ਖੇਤਰ ਵਿੱਚ ਕਿਤੇ ਵੀ ਹੋਰ ਖੇਤੀਬਾੜੀ ਉਪਜਾਂ ਨੂੰ ਤੋਲਿਆ ਅਤੇ ਮਾਪਿਆ ਜਾ ਸਕਦਾ ਹੈ, ਪਰ ਉਨ੍ਹਾਂ ਨੇ ਤੰਬਾਕੂ ਲਈ ਅਜਿਹੀ ਸ਼ਕਤੀ 'ਤੇ ਕੋਈ ਪਾਬੰਦੀ ਨਾ ਲਗਾਈ ਹੈ। ਮਾਰਕੀਟ ਕਮੇਟੀ ਧਾਰਾ 27 ਅਧੀਨ ਉਪ-ਨਿਯਮਾਂ ਬਣਾਉਣ ਜਾਂ ਵਪਾਰ ਦੇ ਨਿਯਮ ਜਾਂ ਵਪਾਰ ਦੀਆਂ ਸ਼ਰਤਾਂ ਬਾਰੇ ਕੋਈ ਉਪ-ਨਿਯਮ ਬਣਾਉਣ ਲਈ ਮੌਜੂਦਾ ਮਾਮਲੇ ਵਿੱਚ ਮਾਰਕੀਟ ਕਮੇਟੀ ਦਾ ਵਿਚਾਰ ਹੈ ਕਿ ਵਪਾਰੀਆਂ ਦੇ ਹਿੱਤਾਂ ਦੀ ਰਾਖੀ ਲਈ ਇਹ ਜ਼ਰੂਰੀ ਸੀ ਕਿ ਨਰਮੇ ਦੀ ਵਿਕਰੀ ਮੰਡੀ ਦੀ ਹੱਦ ਅੰਦਰ ਹੀ ਕੀਤੀ ਜਾਵੇ। ਇਹ, ਮੇਰੇ ਵਿਚਾਰ ਵਿੱਚ, ਇਸ ਐਕਟ ਦੇ ਉਦੇਸ਼ ਨੂੰ ਖ਼ਤਮ ਕਰਨਾ ਹੋਵੇਗਾ ਜੇਕਰ ਅਦਾਲਤਾਂ ਇਹ ਮੰਨ ਲੈਣ ਕਿ ਮਾਰਕੀਟ ਕਮੇਟੀਆਂ ਕੋਲ ਉਸ ਸਥਾਨ ਨੂੰ ਸੀਮਤ ਕਰਨ ਦੀ ਕੋਈ ਸ਼ਕਤੀ ਨਹੀਂ ਹੈ ਜਿਸ ਵਿੱਚ ਵਿਕਰੀ ਅਤੇ ਖਰੀਦਦਾਰੀ ਦਾ ਲੈਣ-ਦੇਣ ਕੀਤਾ ਜਾਣਾ ਚਾਹੀਦਾ ਹੈ।

ਇੱਕ ਹੋਰ ਇਤਰਾਜ਼ ਵੀ ਉਠਾਇਆ ਗਿਆ ਸੀ, ਜਿਵੇਂ ਕਿ ਉਪ-ਨਿਯਮ ਨੰ. 9-ਏ ਨੇ ਮੁਦਈਆਂ ਦੇ ਵਪਾਰ ਕਰਨ ਦੀ ਆਜ਼ਾਦੀ 'ਤੇ ਗੈਰ-ਵਾਜਬ ਪਾਬੰਦੀ ਲਗਾਈ ਹੈ, ਸੰਵਿਧਾਨ ਦੀ ਧਾਰਾ 19 ਦੇ ਉਪਬੰਧਾਂ ਦੀ ਉਲੰਘਣਾ ਕੀਤੀ ਗਈ ਹੈ। ਹਾਲਾਂਕਿ, ਇਹ ਮਹੱਤਵਪੂਰਨ ਹੈ ਕਿ ਇਸ ਉਪ-ਨਿਯਮ ਦੁਆਰਾ ਲਗਾਈਆਂ ਗਈਆਂ ਪਾਬੰਦੀਆਂ ਦੀ ਗੈਰ-ਵਾਜਬ ਪ੍ਰਵਿਰਤੀ ਦੇ ਸਬੰਧ ਵਿੱਚ ਇਤਰਾਜ਼ ਨਾ ਤਾਂ ਹੇਠਲੀ ਅਦਾਲਤ ਜਾਂ ਹੇਠਲੀ ਅਪੀਲੀ ਅਦਾਲਤ ਦੇ ਸਾਹਮਣੇ ਕੀਤਾ ਗਿਆ ਸੀ, ਅਤੇ ਮੈਨੂੰ ਰਿਕਾਰਡ ਦੀ ਮੌਜੂਦਾ ਸਥਿਤੀ ਵਿੱਚ ਇਹ ਅਸੰਭਵ ਲੱਗਦਾ ਹੈ। ਇੱਕ ਸਪੱਸ਼ਟ ਸਿੱਟੇ 'ਤੇ ਪਹੁੰਚਣ ਲਈ ਕਿ ਕੀ ਪਾਬੰਦੀਆਂ ਵਾਜਬ ਹਨ ਜਾਂ ਨਹੀਂ। ਮੇਰੀ ਰਾਏ ਵਿੱਚ, ਮੁਦਈ, ਸੰਵਿਧਾਨ ਦੇ ਅਨੁਛੇਦ 226 ਦੇ ਤਹਿਤ ਅਰਜ਼ੀ ਦੇਣ ਲਈ ਅਜ਼ਾਦ ਹੋਣਗੇ ਜੇਕਰ ਅਤੇ ਜਦੋਂ ਉਹਨਾਂ ਨੂੰ ਇਸ ਤਰ੍ਹਾਂ ਦੀ ਸਲਾਹ ਦਿੱਤੀ ਜਾਂਦੀ ਹੈ।

ਇਹਨਾਂ ਕਾਰਨਾਂ ਕਰਕੇ ਮੈਂ ਹੇਠਲੀ ਅਪੀਲੀ ਅਦਾਲਤ ਦੇ ਹੁਕਮਾਂ ਨੂੰ ਬਰਕਰਾਰ ਰੱਖਾਂਗਾ ਅਤੇ ਖਰਚਿਆਂ ਸਮੇਤ ਅਪੀਲ ਨੂੰ ਖਾਰਜ ਕਰਾਂਗਾ। ਇਸਦੇ ਅਨੁਸਾਰ ਆਦੇਸ਼ ਦਿੱਤਾ ਗਿਆ ਹੈ।

ਡੀ ਕੇ ਐਮ

**ਡਿਸਕਲੇਮਰ**:- ਸਥਾਨਕ ਭਾਸ਼ਾ ਵਿੱਚ ਅਨੁਵਾਦ ਕੀਤਾ ਗਿਆ ਨਿਰਣਾ ਕੇਵਲ ਮਕੁੱਦਮੇਬਾਜ਼ਾਂ ਲਈ ਉਹਨਾਂ ਦੀ ਆਪਣੀ ਭਾਸ਼ਾ ਵਿੱਚ ਸਮਝਣ ਤੱਕ ਹੀ ਸੀਮਤ ਹੈ ਅਤੇ ਇਸਦਾ ਕਿਸੇ ਹੋਰ ਉਦੇਸ਼ ਲਈ ਇਸਤੇਮਾਲ ਨਹੀਂ ਕੀਤਾ ਜਾ ਸਕਦਾ। ਸਾਰੇ ਵਿਹਾਰਕ ਅਤੇ ਅਧਿਕਾਰਕ ਮੰਤਵਾਂ ਲਈ, ਨਿਆਂ ਨਿਰਣੇ ਦਾ ਅੰਗਰੇਜ਼ੀ ਸੰਸਕਰਣ ਪ੍ਰਮਾਣਿਤ ਹੋਵੇਗਾ ਅਤੇ ਅਮਲ ਲਾਗੂ ਕਰਨ ਲਈ ਇਸਨੂੰ ਤਰਜੀਹ ਦਿੱਤੀ ਜਾਵੇਗੀ।

**ਸੰਦੀਪ ਕੁਮਾਰ**